| ਲੜੀ ਨੰ: | ਸਵਾਲ | ਉਤਰ |
|---|---|---|
| 1. | ਕਰਮਚਾਰੀ ਨੂੰ ਮੈਡੀਕਲ ਅਧਾਰ ਤੇ ਛੁੱਟੀ ਲੈਣ ਲਈ ਬਿਮਾਰੀ ਦਾ ਸਰਟੀਫੀਕੇਟ ਕਿਸ ਡਾਕਟਰ ਦਾ ਦੇਣਾ ਹੋਵੇਗਾ<br>1. ਸਰਕਾਰੀ ਡਾਕਟਰ<br>2. ਕਿਸੇ ਵੀ ਪ੍ਰਾਈਵੇਟ ਡਾਕਟਰ ਜਿਸ ਕੋਲ ਗਰੈਜੂਏਟ ਡਿਗਰੀ ਹੋਵੇ<br>3. ਦੋਵੇ ਕੇਸਾਂ ਵਿਚ ਠੀਕ ਹੈ। | 8.13 ਸੀ.ਐਸ.ਆਰ. ਵਾਲੀਅਮ-1 ਭਾਗ-1 ਅਨੁਸਾਰ ਦੋਵੇ ਠੀਕ ਹਨ |
| 2. | ਕਰਮਚਾਰੀ ਮੈਡੀਕਲ ਅਧਾਰ ਤੇ 3 ਦਿਨ ਤੱਕ ਕਮਿਊਟਡ ਛੁਟੀ ਲੈਣ ਲਈ ਮੈਡੀਕਲ ਸਰਟੀਫੀਕੇਟ ਦੇਣ ਤੋਂ ਛੋਟ ਲੈ ਸਕਦਾ ਹੈ ਜਾਂ ਨਹੀਂ | ਨਹੀ ਰੂਲ 8.13 |
| 3. | ਕਰਮਚਾਰੀ ਵਲੋਂ ਮੈਡੀਕਲ ਅਧਾਰ ਤੇ ਛੁੱਟੀ ਦੀ ਮੰਗ ਕੀਤੀ ਗਈ ਹੈ ਕੀ ਡੀ.ਡੀ.ਓ / ਸਕੂਲ ਮੁਖੀ ਉਸ ਮੈਡੀਕਲ ਸਰਟੀਫੀਕੇਟ ਨੂੰ ਸਿਵਲ ਸਰਜਨ ਤੋਂ ਚੈਕ ਕਰਵਾ ਸਕਦਾ ਹੈ ਜਾਂ ਨਹੀਂ | ਹਾਂ ਰੂਲ 8.13 |
| 4. | ਕੀ ਕਰਮਚਾਰੀ ਛੁੱਟੀ ਨੂੰ ਹੱਕ ਦੇ ਤੌਰ ਤੇ ਮੰਗ ਕਰ ਸਕਦਾ ਹੈ। | ਨਹੀਂ ਰੂਲ 8.15 |
| 5. | ਇਸਤਰੀ ਮੁਲਾਜਮ ਦੇ ਪਹਿਲਾ 2 ਬੱਚੇ ਹਨ ਕੀ ਉਹ ਤੀਸਰੇ ਬੱਚੇ ਲਈ ਪ੍ਰਸੂਤਾ ਛੁੱਟੀ ਲੈ ਸਕਦੀ ਹੈ। | ਹਾਂ ਰੂਲ 8.127 |
| 6. | ਇਸਤਰੀ ਮੁਲਾਜਮ ਕੋਲ ਪਹਿਲਾਂ 2 ਬੱਚੇ ਹਨ। ਕੀ ਉਹ ਅਬਾਰਸ਼ਨ ਲੀਵ ਲੈ ਸਕਦੀ ਹੈ ਜੇਕਰ ਹਾਂ ਤਾਂ ਕਿੰਨੇ ਦਿਨ ਦੀ ? | ਨਹੀਂ ।ਨੋਟ 2 ਰੂਲ 8.127 |
| 7. | ਇਸਤਰੀ ਮੁਲਾਜਮ ਨੌਕਰੀ ਵਿਚ 1/10/2017 ਨੂੰ ਹਾਜ਼ਰ ਹੋਈ। ਉਸ ਸਾਲ 2017 ਵਿਚ ਪੂਰੀਆਂ 20 ਅਚਨਚੇਤ ਛੁੱਟੀ ਮਿਲਣਗੀਆਂ ਜਾਂ ਫਿਰ ਪੰਜ ? | 20 |
| 8. | ਪੰਜਾਬੀ ਮਾਸਟਰ ਦੀ ਨਿਯੁਕਤੀ 15.8.2017 ਨੂੰ ਹੋਈ । ਉਸ ਨੂੰ 20 ਦਿਨ ਦੀ ਅੱਧੀ ਤਨਖਾਹ ਛੁੱਟੀ ਅਤੇ 8 ਦਿਨ ਦੀ ਕਮਾਈ ਛੁੱਟੀ 15.8.2018 ਨੂੰ ਡਿਊ ਹੋਵੇਗੀ । ਇਹ ਕਥਨ ਝੂਠ ਹੈ ਜਾਂ ਸੱਚ । | ਸਹੀ |
| 9. | ਸਰਕਾਰੀ ਸਕੂਲ ਦਾ ਪ੍ਰਿੰਸੀਪਲ ਜੂਨ ਦੀਆਂ ਛੁੱਟੀਆਂ ਵਿਚ ਰੋਜਾਨਾ ਆਪਣੀ ਮਰਜੀ ਨਾਲ ਸਕੂਲ ਜਾ ਰਿਹਾ ਹੈ ਕੀ ਉਸ ਨੂੰ ਛੁੱਟੀਆਂ ਵਿਚ ਸਕੂਲ ਜਾਣ ਬਦਲੇ ਕਮਾਈ ਛੁੱਟੀ ਮਿਲੇਗੀ ਜਾਂ ਨਹੀ਼ | ਨਹੀਂ |
| 10 | ਸਰਕਾਰੀ ਸਕੂਲ ਦੇ ਪ੍ਰਿੰਸੀਪਲ ਵਲੋ ਜੂਨ ਦੀਆਂ ਛੁੱਟੀਆਂ ਦੌਰਾਨ ਆਪਣੀ ਗੈਰ ਹਾਜ਼ਰੀ ਵਿਚ ਸਕੂਲ ਦੇ ਸੀਨੀਅਰ ਮਾਸਟਰ ਨੂੰ ਛੁੱਟੀਆਂ ਦੌਰਾਨ ਸਕੂਲ ਦਾ ਇੰਚਾਰਜ ਲਗਾ ਦਿੱਤਾ ਗਿਆ ਅਤੇ ਇਚਾਰਜ ਮਾਸਟਰ ਛੁੱਟੀਆਂ ਦੌਰਾਨ ਰੋਜਾਨਾ ਸਕੂਲ ਜਾ ਰਿਹਾ ਹੈ ਕੀ ਉਸ ਨੂੰ ਜੂਨ ਦੀਆਂ ਛੁੱਟੀਆਂ ਵਿਚ ਸਕੂਲ ਵਿਚ ਹਾਜ਼ਰ ਹੋਣ ਬਦਲੇ ਕਮਾਈ ਛੁੱਟੀ ਮਿਲੇਗੀ । | ਨਹੀਂ |
| 11 | ਸਰਕਾਰੀ ਸਕੂਲ ਦੇ ਮਾਸਟਰ ਦੀ ਵਿਦੇਸ਼ ਜਾਣ ਲਈ ਛੁੱਟੀ ਸਕੂਲ ਦੇ ਮੁੱਖੀ / ਡੀ.ਡੀ.ਓ ਵਲੋਂ ਮੰਜੂਰ ਕੀਤੀ ਜਾਵੇਗੀ ਇਹ ਕਥਨ ਸਹੀ ਹੈ ਜਾਂ ਗਲਤ | 15 ਦਿਨ ਤੱਕ ਡੀ.ਡੀ.ਓ |
| 12 | ਇਸਤਰੀ ਮੁਲਾਜਮ ਦੀ 15 ਦਿਨ ਦੀ ਬੱਚੇ ਦੀ ਦੇਖ ਭਾਲ ਲਈ ਛੁੱਟੀ ਸਕੂਲ ਦੇ ਮੁਖੀ ਵਲੋਂ ਮੰਜੂਰ ਕੀਤੀ ਜਾਵੇਗੀ ਕਥਨ ਗਲਤ ਹੈ ਜਾਂ ਠੀਕ | ਸਹੀ |
| 13 | ਸਰਕਾਰੀ ਸਕੂਲ ਦੇ ਮਾਸਟਰ ਵਲੋਂ ਮਿਤੀ 1.7.2017 ਤੋਂ 24.12.2017 ਤੱਕ ਛੁੱਟੀ ਦੀ ਮੰਗ ਕੀਤੀ ਗਈ ਨਾਲ ਹੀ ਮਿਤੀ 1.6.2017 ਤੋਂ 30.6.2017 ਅਤੇ 25.12.2017 ਤੋਂ 31.12.2017 ਤੱਕ ਵਕੇਸ਼ਨ ਛੁੱਟੀਆਂ ਨੂੰ ਅੱਗੇ ਪਿਛੇ ਜ਼ੋੜਨ ਦੀ ਮੰਗ ਵੀ ਕੀਤੀ ਗਈ। ਸਕੂਲ ਮੁੱਖੀ ਵਲੋਂ ਇਸ ਅਧਾਰ ਤੇ ਛੁੱਟੀ ਨਾਂ ਮੰਜੂਰ ਕਰ ਦਿੱਤੀ ਗਈ ਕਿ ਉਸ ਨੂੰ ਜੂਨ ਦੀਆਂ ਛੁੱਟੀਆਂ ਖਤਮ ਹੋਣ ਉਪਰੰਤ ਸਕੂਲ ਵਿਚ ਹਾਜ਼ਰ ਹੋਣਾ ਜ਼ਰੂਰੀ ਹੈ ਸਕੂਲ ਮੁਖੀ ਦਾ ਕਥਨ ਠੀਕ ਹੈ ਜਾਂ ਗਲਤ | ਕਥਨ ਗਲਤ ਰੂਲ 8.26 |
| 14. | ਸਰਕਾਰੀ ਸਕੂਲ ਦੇ ਟੀਚਰ ਦੇ ਬੱਚੇ ਨੂੰ chicken pox ਦੀ ਬਿਮਾਰੀ ਹੋਣ ਤੇ ਉਸ ਵਲੋਂ 21 ਦਿਨ ਦੀ ਸਪੈਸ਼ਲ ਕੈਜੂਲ ਲੀਵ ( quarantine leave ) ਦੀ ਮੰਗ ਕੀਤੀ ਗਈ। ਕੀ ਇਹ ਛੁੱਟੀ ਮਿਲਣ ਯੋਗ ਹੈ ਜਾਂ ਨਹੀਂ । | ਨਹੀਂ ਅਪੈਂਡਿਕਸ 17 ਸੀ.ਐਸ.ਆਰ. ਵਾਲੀਅਮ-1 ਪਾਰਟ-1 |

| | | |
|---|---|---|
| 15 | ਸਕੂਲ ਮਾਸਟਰ ਦੀ ਨਿਯੁਕਤੀ 1.1.1980 ਵਿਚ ਹੋਈ ਉਸ ਦੀ ਵਧਵਰਾ ਉਮਰ ਤੇ ਰਿਟਾਇਰਮੈਂਟ ਮਿਤੀ 30.11.2015 ਨੂੰ ਹੋਈ। ਕਰਮਚਾਰੀ ਨੂੰ ਕਿੰਨੀਆਂ ਕਮਾਈਆਂ ਛੁੱਟੀਆਂ ਦੀ ਤਨਖਾਹ ਮਿਲਣ ਯੋਗ ਹੈ। | 200 |
| 16 | ਸਰਕਾਰੀ ਸਕੂਲ ਦੇ ਮਾਸਟਰ ਦੀ ਸਾਲਾਨਾ ਤਰੱਕੀ ਦੀ ਮਿਤੀ 1.1.2016 ਸੀ ਉਸ ਦੀ ਬਤੌਰ ਲੈਕਚਰਾਰ ਪੱਦ ਉਨਤੀ ਮਿਤੀ 1.6.2016 ਨੂੰ ਹੋਈ ਸੀ । ਉਸ ਵਲੋਂ ਪੱਦ ਉਨਤੀ ਦੇ ਇੱਕ ਮਹੀਨੇ ਦੇ ਅੰਦਰ ਅੰਦਰ ਲਿਖਤੀ ਰੂਪ ਵਿਚ ਆਪਸ਼ਨ ਦਿੱਤੀ ਗਈ ਕਿ ਉਸ ਨੂੰ ਸਾਲਾਨਾ ਤਰੱਕੀ ਦੀ ਪੁਰਾਣੀ ਮਿਤੀ ਭਾਵ 1.1.2017 ਨੂੰ 2 ਸਾਲਾਨਾ ਤਰੱਕੀਆਂ ਦਾ ਲਾਭ ਦਿੱਤਾ ਜਾਵੇ ਕੀ ਉਸ ਦੀ ਬੇਨਤੀ ਪ੍ਰਵਾਨ ਕਰਨ ਯੋਗ ਹੈ ਜਾਂ ਨਹੀਂ । | ਪ੍ਰਵਾਨ ਯੋਗ |
| 17. | ਸਕੂਲ ਲੈਕਚਰਾਰ ਦੀ ਬਤੌਰ ਪ੍ਰਿੰਸੀਪਲ ਪੱਦ ਉਨਤੀ ਦੇ ਹੁਕਮ ਮਿਤੀ 27.2.2017 ਨੂੰ ਕੀਤੇ ਗਏ। ਅਧਿਕਾਰੀ ਵਲੋਂ 16.03.2017 ਨੂੰ ਪ੍ਰਿੰਸੀਪਲ ਦੀ ਅਸਾਮੀ ਦਾ ਚਾਰਜ ਸੰਭਾਲ ਲਿਆ। ਅਧਿਕਾਰੀ ਦੀ ਨਾਰਮਲ ਸਾਲਾਨਾ ਤਰੱਕੀ ਦੀ ਮਿਤੀ ਵੀ ਮਾਰਚ ਹੈ। ਅਧਿਕਾਰੀ ਵਲੋਂ ਪੱਦ ਉਨਤੀ ਦਾ ਲਾਭ ਮਿਤੀ 16.3.2017 ( ਹਾਜ਼ਰ ਹੋਣ ਦੀ ਮਿਤੀ ) ਤੋਂ ਲੈਣ ਦੀ ਮੰਗ ਕੀਤੀ ਗਈ । ਕੀ ਮੰਗ ਸਹੀ ਹੈ ਜਾਂ ਗਲਤ | ਮੰਗ ਸਹੀ ਹੈ |
| 18. | ਸਰਕਾਰੀ ਸਕੂਲ ਦੇ ਮਾਸਟਰ ਦੀ ਸਾਲਾਨਾ ਤਰੱਕੀ ਦੀ ਮਿਤੀ 1.1.2016 ਹੈ । ਉਸ ਵਲੋਂ ਮਹੀਨਾ 8/2016 ਤੋਂ 10/2016 ਤੱਕ ਤਿੰਨ ਮਹੀਨੇ ਦੀ ਬਿਨਾਂ ਤਨਖਾਹ ਛੁੱਟੀ ਮੈਡੀਕਲ ਅਧਾਰ ਤੇ ਲੀਤੀ ਗਈ। ਕਰਮਚਾਰੀ ਦੀ ਸਾਲਾਨਾ ਤਰੱਕੀ 1.1.2017 ਨੂੰ ਲਗਾਈ ਗਈ ਕਾਰਵਾਈ ਸਹੀ ਹੈ ਜਾਂ ਗਲਤ । | ਸਹੀ ਰੂਲ 4.9 |
| 19. | ਸਰਕਾਰੀ ਸਕੂਲ ਦੇ ਮਾਸਟਰ ਦੀ ਸਾਲਾਨਾ ਤਰੱਕੀ ਦੀ ਮਿਤੀ 1.1.2016 ਹੈ । ਉਸ ਵਲੋਂ ਮਹੀਨਾ 8/2016 ਤੋਂ 10/2016 ਤੱਕ ਤਿੰਨ ਮਹੀਨੇ ਦੀ ਬਿਨਾਂ ਤਨਖਾਹ ਛੁੱਟੀ ਲੀਤੀ ਗਈ। ਕਰਮਚਾਰੀ ਦੀ ਸਾਲਾਨਾ ਤਰੱਕੀ 1.1.2017 ਨੂੰ ਲਗਾਈ ਗਈ ਕਾਰਵਾਈ ਸਹੀ ਹੈ ਜਾਂ ਗਲਤ । | ਗਲਤ |
| 20 | ਸਰਕਾਰੀ ਸਕੂਲ ਦੇ ਮਾਸਟਰ ਵਿਰੁੱਧ ਵਿਭਾਗੀ ਕਾਰਵਾਈ ਦੇ ਦੌਰਾਨ ਸਾਲਾਨਾ ਤਰੱਕੀ ਲਗਣ ਯੋਗ ਹੈ ਜਾਂ ਨਹੀਂ । | ਹਾਂ ਰੂਲ 4.7 |
| 21. | ਈ.ਟੀ.ਟੀ.ਟੀਚਰ ਕੰਮ ਕਰਦੇ ਹੋਏ ਇੱਕ ਕਰਮਚਾਰੀ ਸਿੱਧੀ ਭਰਤੀ ਰਾਹੀਂ ਮਾਸਟਰ ਦੀ ਅਸਾਮੀ ਤੇ ਨਿਯੁਕਤ ਹੋਇਆ। ਕਰਮਚਾਰੀ ਵਲੋਂ ਈ.ਟੀ.ਟੀ. ਦੀ ਅਸਾਮੀ ਤੋਂ ਤਕਨੀਕੀ ਅਸਤੀਫਾ ਦੇਣ ਉਪਰੰਤ ਮਾਸਟਰ ਦੀ ਅਸਾਮੀ ਤੇ ਮਿਤੀ 1.8.2017 ਨੂੰ ਹਾਜ਼ਰੀ ਦਿੱਤੀ। ਪਰਖ ਕਾਲ ਸਮੇਂ ਦੌਰਾਨ ਉਸ ਨੂੰ ਈ.ਟੀ.ਟੀ. ਦੀ ਅਸਾਮੀ ਤੇ ਮਿਲ ਰਹੀ ਤਨਖਾਹ ਦਿੱਤੀ ਗਈ। ਕਾਰਵਾਈ ਸਹੀ ਹੈ ਜਾਂ ਗਲਤ | ਸਹੀ ਰੂਲ 4.1 |
| 22 | ਹਿਸਾਬ ਮਾਸਟਰ ਦੀ ਅਸਾਮੀ ਤੇ ਨਿਯੁਕਤੀ ਮਿਤੀ 5.09.2007 ਨੂੰ ਹੋਈ ਸੀ। ਮਿਤੀ 5.09.11 ਨੂੰ 4 ਸਾਲਾ ਏ.ਸੀ.ਪੀ. ਦਿੱਤਾ ਗਿਆ । ਮਿਤੀ 1.12.2011 ਨੂੰ ਸਕੇਲ ਬਦਲੀ ਹੋਣ ਤੇ ਤਨਖਾਹ 13450+5000= 18450 ਫਿਕਸ ਕੀਤੀ ਗਈ। 9 ਸਾਲਾ ਏ.ਸੀ.ਪੀ. ਮਿਤੀ 06.09.2016 ਨੂੰ ਦੇਣ ਯੋਗ ਹੈ। ਕਥਨ ਸਹੀ ਹੈ ਜਾਂ ਗਲਤ | ਸਹੀ ਰੂਲ 4.8 |
| 23. | ਸਰਕਾਰੀ ਸਕੂਲ ਦੇ ਕਰਮਚਾਰੀ ਦੀ ਇੱਕ ਸਕੂਲ ਤੋਂ ਦੂਸਰੇ ਸਕੂਲ ਵਿਚ ਬਦਲੀ ਹੋਣ ਉਪਰੰਤ ਉਸ ਕਰਮਚਾਰੀ ਦਾ ਡੀ.ਏ. ਦੀ ਕਿਸਤ ਦਾ ਬਕਾਇਆ ਜਿਹੜਾ ਕਿ ਪਿਛਲੇ ਸਕੂਲ ਨਾਲ ਸਬੰਧਤ ਸੀ ਨਵੇਂ ਸਕੂਲ ਦੇ ਮੁੱਖੀ ਵਲੋ਼ ਇਸ ਅਧਾਰ ਤੇ ਡਰਾਅ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਕਿ ਪਿਛਲੇ ਸਕੂਲ ਦਾ ਡੀ.ਏ. ਦਾ ਬ਼ਕਾਇਆ ਸਬੰਧਤ ਸਕੂਲ ਵਲੋਂ ਹੀ ਡਰਾਅ ਕੀਤਾ ਜਾਵੇਗਾ। ਕਥਨ ਠੀਕ ਹੈ ਜਾਂ ਗਲਤ | ਗਲਤ ਰੂਲ 253 ਪੀ.ਟੀ.ਆਰ. ਨੋਟ |
| 24. | ਕਰਮਚਾਰੀ ਦੀ ਤਨਖਾਹ ਸਕੂਲ ਦੀ ਗਲਤੀ ਕਾਰਨ ਵੱਧ ਫਿਕਸ ਕਰ ਦਿੱਤੀ ਗਈ। ਬਾਅਦ ਵਿਚ ਆਡਿਟ ਇਤਰਾਜ ਲਗਣ ਤੇ ਤਨਖਾਹ ਘੱਟ ਕਰ ਦਿੱਤੀ ਗਈ। ਵਾਧੂ ਅਦਾਇਗੀ ਦੀ ਰਿਕਵਰੀ ਨਹੀਂ ਕੀਤੀ ਗਈ । ਕਾਰਵਾਈ ਠੀਕ ਹੈ ਜਾਂ ਗਲਤ ਜੇਕਰ ਰਿਕਵਰੀ ਕੀਤੀ ਜਾਣੀ ਤਾਂ ਕਿਸ ਕਰਮਚਾਰੀ / ਅਧਿਕਾਰੀ ਤੋਂ ਕਰਨ ਯੋਗ ਹੋਵੇਗੀ? | ਜੇਕਰ ਕਰਮਚਾਰੀ ਤੋ ਕਰਨ ਸਬੰਧੀ ਸਰਤ ਹੋਵੇ ਤਾਂ ਸਬੰਧਤ ਕਰਮਚਾਰੀ ਜਾਂ ਫਿਰ ਜਿਸ ਵਲੋਂ ਫਿਕਸ ਕੀਤੀ ਗਈ । |
| 25 | ਮੁਅਤਲੀ ਅਧੀਨ ਕਰਮਚਾਰੀ ਨੂੰ ਮੁਅਤਲੀ ਭੱਤਾ ਦੇਣ ਸਮੇਂ ਮੋਬਾਇਲ ਭੱਤਾ ਵੀ ਦਿੱਤਾ ਗਿਆ। ਕਾਰਵਾਈ ਠੀਕ ਹੈ ਜਾਂ ਗਲਤ। | ਗਲਤ |
| 26 | ਸੀਨੀਅਰ ਕਰਮਚਾਰੀ ਦੀ ਤਨਖਾਹ ਜੂਨੀਅਰ ਦੇ ਬਰਾਬਰ ਕਰਨ ਲਈ ਅਧਿਕਾਰ ਸਕੂਲ ਮੁੱਖੀ ਕੋਲ ਹਨ ਕਥਨ ਠੀਕ ਹੈ ਜਾਂ ਨਹੀਂ | ਗਲਤ |
| 27 | ਮਿਤੀ 1.05.2010 ਤੋਂ ਪਹਿਲਾਂ ਕਰਮਚਾਰੀ ਵਲੋਂ ਡਰਾਅ ਕੀਤਾ ਜਾ ਰਿਹਾ ਪ੍ਰੀਵਾਰ ਨਿਯੋਜਨ ਭੱਤਾ 175 /- ਰੁਪਏ ਸੀ ਜਿਹੜਾ ਕਿ ਮਿਤੀ 1.05.2010 ਨੂੰ 210/- ਪ੍ਰਤੀ ਮਹੀਨਾ ਕੀਤਾ ਗਿਆ । ਕਾਰਵਾਈ ਠੀਕ ਹੈ ਜਾਂ ਗਲਤ | ਸਹੀ |
| 28 | ਦਰਜਾ 1 ਅਤੇ ( ਗਰੁੱਪ ਏ.ਤੇ ਬੀ) ਅਧਿਕਾਰੀਆਂ ਨੂੰ ਪ੍ਰੀਵਾਰ ਨਿਯੋਜਨ ਭੱਤਾ ਮਿਲਣ ਯੋਗ ਨਹੀ਼ ਹੈ ਕਥਨ ਠੀਕ ਹੈ ਜਾਂ ਗਲਤ | ਸਹੀ |
| 29. | ਚੌਕੀਦਾਰ ਦੀ ਅਸਾਮੀ ਤੇ ਡਿਊਟੀ ਨਿਭਾਅ ਰਹੇ ਕਰਮਚਾਰੀ ਨੂੰ 400/- ਪ੍ਰਤੀ ਮਹੀਨਾ ਚੌਕੀਦਾਰ ਭੱਤਾ ਦਿੱਤਾ ਜਾ ਰਿਹਾ ਹੈ। ਕਾਰਵਾਈ ਠੀਕ ਹੈ ਜਾਂ ਗਲਤ | ਸਹੀ |
| 30. | ਜੂਨ ਦੀਆਂ ਛੁੱਟੀਆਂ ਵਿਚ ਕਰਮਚਾਰੀਆਂ ਨੂੰ ਮਿਲਣ ਵਾਲਾ ਮੋਬਾਇਲ ਭੱਤਾ ਸਕੂਲ ਵਲੋਂ ਬੰਦ ਕਰ ਦਿੱਤਾ ਗਿਆ ਕਾਰਵਾਈ ਠੀਕ ਹੈ ਜਾਂ ਗਲਤ। | ਸਹੀ |
| 31. | ਮਿਤੀ 1.2.2018 ਤੋਂ ਬਾਅਦ ਰਿਟਾਇਰ ਹੋਣ ਵਾਲੇ ਕਰਮਚਾਰੀਆਂ ਦੀ ਡੀ.ਸੀ.ਆਰ.ਜੀ. ਦੀ ਅਦਾਇਗੀ | ਸਹੀ |

| | | |
|---|---|---|
| | ਡੀ.ਡੀ.ਓ ਵਲੋਂ ਨਹੀ਼ ਸਗੋਂ ਸਿੱਧੇ ਖਜਾਨੇ / ਬੈਂਕ ਵਲੋਂ ਅਦਾ ਕੀਤੀ ਜਾਵੇਗੀ । ਕਥਨ ਠੀਕ ਹੈ ਜਾਂ ਗਲਤ | |
| 32. | ਪੈਨਸ਼ਨ ਕੇਸ ਮਹਾਂਲੇਖਾਕਾਰ,ਪੰਜਾਬ,ਚੰਡੀਗੜ ਨੂੰ ਰਿਟਾਇਰਮੈਂਟ ਤੋਂ 6 ਮਹੀਨੇ ਪਹਿਲਾਂ ਭੇਜਣਾ ਜ਼ਰੂਰੀ ਹੈ। ਪ੍ਰੰਤੂ ਸਕੂਲ ਮੁੱਖੀ ਵਲੋਂ ਇਸ ਕਾਰਨ ਨਹੀਂ ਭੇਜਿਆ ਗਿਆ ਕਿ ਕਰਮਚਾਰੀ ਵਲੋਂ ਵਾਧਾ ਲੈਣ ਦੀ ਸੂਰਤ ਵਿਚ ਪੈਨਸ਼ਨ ਕੇਸ ਵਾਧਾ ਖਤਮ ਹੋਣ ਤੋਂ 6 ਮਹੀਨੇ ਪਹਿਲਾਂ ਭੇਜਿਆ ਜਾਵੇਗਾ। ਕਾਰਵਾਈ ਠੀਕ ਹੈ ਜਾਂ ਗਲਤ | ਗਲਤ |
| 33. | ਨਵੀ ਪੈਨਸ਼ਨ ਸਕੀਮ ਦੇ ਕਰਮਚਾਰੀ ਦੀ ਮੌਤ ਉਪਰੰਤ ਉਸ ਦੇ ਪ੍ਰੀਵਾਰ ਨੂੰ ਐਕਸ ਗਰੇਸੀਆ ਮਿਲਣ ਯੋਗ ਹੈ ਜਾਂ ਨਹੀਂ | ਨਹੀ |
| 34. | ਨਵੀਂ ਪੈਨਸ਼ਨ ਸਕੀਮ ਦੇ ਕਰਮਚਾਰੀ ਦੀ ਮੌਤ ਉਪਰੰਤ ਉਸ ਦੇ ਪ੍ਰੀਵਾਰ ਨੂੰ ਮਿਲਣ ਵਾਲੇ ਕਲੇਮ ਡੀ.ਡੀ.ਓ ਵਲੋਂ ਆਪਣੇ ਪੱਧਰ ਤੇ ਆਨ ਲਾਈਨ ਅਪਲਾਈ ਕੀਤੇ ਜਾਣੇ ਹਨ ਕਥਨ ਠੀਕ ਹੈ ਜਾਂ ਗਲਤ | ਸਹੀ |
| 35. | ਜੀ.ਪੀ.ਫੰਡ ਦੀ ਫਾਈਨਲ ਅਦਾਇਗੀ ਦੇ ਕੇਸਾਂ ਵਿਚ ਮਿਤੀ 1.4.1980 ਤੋਂ ਰਿਟਾਇਰਮੈਂਟ ਦੀ ਮਿਤੀ ਤੱਕ ਐਡਵਾਸਾਂ ਦੀ ਸੂਚਨਾਂ ਹੁਣ ਭੇਜਣ ਦੀ ਜ਼ਰੂਰਤ ਨਹੀਂ ਕਥਨ ਠੀਕ ਹੈ ਜਾਂ ਗਲਤ | ਸਹੀ |
| 36. | ਪੁਰਾਨੀ ਪੈਨਸ਼ਨ ਸਕੀਮ ਨਾਲ ਸਬੰਧਤ ਕਰਮਚਾਰੀ ਦੀ ਮੌਤ ਉਪਰੰਤ ਉਸ ਦੇ ਪ੍ਰੀਵਾਰ ਦਾ ਕੋਈ ਵੀ ਮੈਂਬਰ ਪ੍ਰੀਵਾਰਕ ਪੈਨਸ਼ਨ ਲੈਣ ਲਈ ਯੋਗ ਨਹੀ। ਮਿਤ੍ਰਕ ਕਰਮਚਾਰੀ ਦੇ ਨਿਰਭਰ ਮਾਤਾ ਪਿਤਾ ਨੂੰ ਪ੍ਰੀਵਾਰਕ ਪੈਨਸ਼ਨ ਮਿਲਣ ਯੋਗ ਹੈ ਜਾਂ ਨਹੀਂ । | ਹਾਂ |
| 37. | ਪੁਰਾਨੀ ਪੈਨਸ਼ਨ ਸਕੀਮ ਨਾਲ ਸਬੰਧਤ ਕਰਮਚਾਰੀ ਦੀ ਮੌਤ ਉਪਰੰਤ ਉਸ ਦੀ ਵਿਧਵਾ ਪਤਨੀ ਜਿਹੜੀ ਖੁਦ ਵੀ ਨੌਕਰੀ ਕਰ ਰਹੀ ਹੈ ਆਪਣੇ ਪਤੀ ਦੀ ਮੌਤ ਉਪਰੰਤ ਪ੍ਰੀਵਾਰਕ ਪੈਨਸ਼ਨ ਮਿਲਣ ਯੋਗ ਹੈ ਜਾਂ ਨਹੀਂ । | ਹਾਂ |
| 38. | ਪੁਰਾਨੀ ਪੈਨਸ਼ਨ ਨਾਲ ਸਬੰਧਤ ਕਰਮਚਾਰੀ ਸਕੂਲ ਦੇ ਬਚਿਆਂ ਨੂੰ ਬੱਸ ਰਾਹੀਂ ਸਿਖਿਆ ਟੂਰ ਤੇ ਲੈ ਕੇ ਜਾ ਰਿਹਾ ਸੀ। ਰਸਤੇ ਵਿਚ ਦੁਰਘਟਨਾ ਕਾਰਨ ਮੌਤ ਹੋ ਗਈ। ਉਸ ਦੇ ਪ੍ਰੀਵਾਰ ਨੂੰ ਐਕਸ ਗਰੇਸੀਆ 1 ਲੱਖ ਜਾਂ 5 ਲੱਖ ਮਿਲਣ ਯੋਗ ਹੈ। | 5 ਲੱਖ |
| 39. | ਕਰਮਚਾਰੀ ਦੀ ਮੌਤ ਉਪਰੰਤ ਉਸ ਦੇ ਪ੍ਰੀਵਾਰ ਦੇ ਮੈਂਬਰ ਨੂੰ ਤਰਸ ਦੇ ਅਧਾਰ ਤੇ ਨੌਕਰੀ ਦਾ ਕੇਸ ਤਿਆਰ ਕਰਨ ਲਈ ਡੀ.ਸੀ. ਤੋਂ ਵਾਰਸਾਂ ਦੇ ਸਰਟੀਫੀਕੇਟ ਦੀ ਜ਼ਰੂਰਤ ਹੈ ਜਾਂ ਨਹੀਂ । | ਨਹੀਂ |
| 40 | ਜੀ.ਪੀ.ਫੰਡ ਦੀ ਫਾਈਨਲ ਅਦਾਇਗੀ ਦਾ ਕੇਸ ਰਿਟਾਇਰਮੈਂਟ ਤੋਂ ਕਿੰਨੀ ਦੇਰ ਪਹਿਲਾ ਭੇਜਣਾ ਜਰੂਰੀ ਹੈ। | 6 ਮਹੀਨੇ |
| 41 | ਕਰਮਚਾਰੀ ਵਲੋਂ ਜੀ.ਪੀ.ਫੰਡ ਵਿਚੋਂ ਲੜਕੀ ਦੀ ਸ਼ਾਦੀ ਲਈ ਐਡਵਾਂਸ ਦੀ ਮੰਗ ਕੀਤੀ ਗਈ ਜਿਹੜੀ ਕਿ ਸ਼ਾਦੀ ਦੀ ਮਿਤੀ ਤੱਕ ਖਜਾਨੇ ਵਿਚੋਂ ਪਾਸ ਨਹੀਂ ਹੋ ਸਕੀ। ਕੀ ਇਹ ਐਡਵਾਂਸ ਲੜਕੀ ਦੀ ਸ਼ਾਦੀ ਤੋਂ ਬਾਅਦ ਮਿਲ ਸਕਦਾ ਹੈ ਜਾਂ ਨਹੀ਼ | ਹਾਂ |
| 42. | ਜੀ.ਪੀ. ਫੰਡ ਦੀ ਘੱਟੋ ਘੱਟ ਕਟੌਤੀ ਬੇਸਿਕ ਤਨਖਾਹ ਦੇ 5% ਤੱਕ ਕੀਤੀ ਜਾ ਸਕਦੀ ਹੈ ਕਥਨ ਠੀਕ ਹੈ ਜਾਂ ਗਲਤ | ਸਹੀ |
| 43. | ਕਰਮਚਾਰੀ ਵਿਰੁੱਧ ਇਨਕੁਆਰੀ ਪੈਂਡਿੰਗ ਹੋਣ ਦੀ ਸੂਰਤ ਵਿਚ ਉਸ ਨੂੰ ਡੀ.ਸੀ.ਆਰ.ਜੀ. / ਲੀਵ ਇਨਕੈਸ਼ਮੇਂਟ ਦੀ ਅਦਾਇਗੀ ਰੋਕੀ ਜਾ ਸਕਦੀ ਹੈ ਜਾਂ ਨਹੀ਼ । | ਹਾਂ |
| 44. | ਕਰਮਚਾਰੀ ਦੀ ਪਤਨੀ ਦੀ ਮੌਤ ਹੋਣ ਉਪਰੰਤ ਉਸ ਵਲੋਂ ਦੂਸਰੀ ਸ਼ਾਦੀ ਕਰਵਾ ਲਈ ਗਈ। ਪਹਿਲੀ ਪਤਨੀ ਦੀ 10 ਸਾਲ ਦੀ ਇੱਕ ਲੜਕੀ ਸੀ। ਇਸੇ ਦੌਰਾਨ ਕਰਮਚਾਰੀ ਦੀ ਮੌਤ ਹੋ ਗਈ। ਪ੍ਰੀਵਾਰ ਪੈਨਸ਼ਨ ਵਿਧਵਾ ਪਤਨੀ ਅਤੇ ਨਿਰਭਰ ਕੁਆਰੀ ਲੜਕੀ ਨੂੰ ਬਰਾਬਰ ਹਿਸਿਆਂ ਵਿਚ ਮਿਲੇਗੀ। ਕਥਨ ਠੀਕ ਹੈ ਜਾਂ ਗਲਤ | ਸਹੀ |
| 45. | ਕਰਮਚਾਰੀ ਦੀ ਮੌਤ ਉਪਰੰਤ ਉਸ ਦੀ ਵਿਧਵਾ ਵਲੋਂ ਦੁਬਾਰਾ ਸ਼ਾਦੀ ਕਰਵਾ ਲਈ ਗਈ। ਮਿਤ੍ਰਕ ਕਰਮਚਾਰੀ ਦਾ ਇੱਕ ਛੋਟਾ ਪੁਤਰ ਜਿਸ ਦੀ ਉਮਰ 1 ਸਾਲ ਸੀ। ਵਿਧਵਾ ਵਲੋਂ ਦੁਬਾਰਾ ਸ਼ਾਦੀ ਕਰਵਾ ਲਏ ਜਾਣ ਤੋ ਬਾਅਦ ਵੀ ਉਸ ਵਲੋ ਪ੍ਰੀਵਾਰਕ ਪੈਨਸ਼ਨ ਦੀ ਇਸ ਅਧਾਰ ਤੇ ਮੰਗ ਕੀਤੀ ਗਈ ਕਿ ਉਹ ਆਪਣੇ ਪਹਿਲੇ ਪਤੀ ਦੇ ਪੁਤਰ ਦੀ ਦੇਖ ਭਾਲ ਕਰ ਰਹੀ ਹੈ। ਮੰਗ ਸਹੀ ਹੈ ਜਾਂ ਗਲਤ । | ਸਹੀ |
| 46 | ਕਰਮਚਾਰੀ ਵਲੋਂ ਇੱਕ ਦਿਨ ਦੀ ਅਚਨਚੇਤ ਛੁੱਟੀ ਮੰਜੂਰ ਕਰਵਾ ਕੇ ਸੰਗਰੂਰ ਤੋਂ ਅਮ੍ਰਿਤਸਰ ਦਾ ਐਲ.ਟੀ.ਸੀ .ਕਲੇਮ ਕੀਤਾ ਗਿਆ । ਕੀ ਕਰਮਚਾਰੀ ਨੂੰ ਕਲੇਮ ਮਿਲਣ ਯੋਗ ਹੈ ਅਤੇ 10 ਦਿਨ ਦੀ ਇਨਕੈਸ਼ਮੈਂਟ ਵੀ ਮਿਲ ਸਕਦੀ ਹੈ। | ਹਾਂ |
| 47. | ਐਲ.ਟੀ.ਸੀ. ਤੇ 10 ਦਿਨ ਦੀ ਕਮਾਈ ਛੁੱਟੀ ਦੀ ਤਨਖਾਹ ਛੁੱਟੀਆਂ ਦੇ ਖਾਤੇ ਵਿਚੋਂ ਘਟਾਉਣ ਯੋਗ ਹੈ ਜਾਂ ਨਹੀਂ | ਹਾਂ |
| 48. | ਦੋਵੇ ਪਤੀ ਪਤਨੀ ਸਰਕਾਰੀ ਕਰਮਚਾਰੀ ਹਨ ਕੀ ਦੋਵੇਂ ਐਲ.ਟੀ.ਸੀ. ਵਖਰਾ ਵਖਰਾ ਲੈ ਸਕਦੇ ਹਨ ਜਾਂ ਨਹੀਂ | ਨਹੀਂ ਦੋਵਾਂ ਵਿਚੋਂ ਇੱਕ ਲਵੇਗਾ |
| 49. | ਦੋਵੇ ਪਤੀ ਪਤਨੀ ਸਰਕਾਰੀ ਕਰਮਚਾਰੀ ਹਨ ਕੀ ਦੋਵੇ ਐਲ.ਟੀ.ਸੀ. ਤੇ ਕਮਾਈ ਛੁੱਟੀ ਦੀ ਤਨਖਾਹ ਲੈ ਸਕਦੇ ਹਨ ਜਾਂ ਨਹੀਂ ? | ਦੋਵੇਂ ਲੈ ਸਕਦੇ ਹਨ। |
| 50. | ਕਰਮਚਾਰੀ ਵਲੋ ਐਲ.ਟੀ.ਸੀ. ਜਾਣ ਸਮੇਂ ਆਪਣੀ ਕਾਰ ਤੇ ਸਫਰ ਕੀਤਾ ਗਿਆ ਕੀ ਕਾਰ ਰਾਹੀਂ ਕੀਤੇ ਸਫਰ ਦਾ ਐਲ.ਟੀ.ਸੀ. ਮਿਲਣ ਯੋਗ ਹੈ ਜਾਂ ਨਹੀਂ ? | ਨਹੀਂ |

ਪੰਜਾਬ ਸਰਕਾਰ ਦੇ ਦਫਤਰਾਂ / ਸਕੂਲਾਂ ਵਿਚ ਵੱਖ ਵੱਖ ਪੱਧਰ ਤੇ ਸੇਵਾ ਮਾਮਲਿਆਂ ਨੂੰ ਨਿਜਠਣ ਲਈ ਸਬੰਧਤ ਡੀ.ਡੀ.ਓ ਜਾਂ ਸਟਾਫ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਨੂੰ ਧਿਆਨ ਵਿਚ ਰਖਕੇ ਉਪਰੋਕਤ ਪ੍ਰਸ਼ਨਾਵਲੀ ਤਿਆਰ ਕੀਤੀ ਗਈ ਹੈ। ਜਿਸ ਨੂੰ ਘੋਖਣ ਉਪਰੰਤ ਸਕੂਲ ਮੁਖੀਆਂ ਨੂੰ ਇਸ ਸਬੰਧੀ ਜਾਣਕਾਰੀ ਦੇਣੀ ਬਣਦੀ ਹੈ।